# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਲਾਜ਼ਮੀ ਪ੍ਰਾਵੀਡੈਂਟ ਫੰਡ ਸਕੀਮ ਅਥਾਰਟੀ

ਲਾਜ਼ਮੀ ਪ੍ਰਾਵੀਡੈਂਟ ਫੰਡ ਸਕੀਮ ਅਥਾਰਟੀ (MPFA) ਲਾਜ਼ਮੀ ਪ੍ਰਾਵੀਡੈਂਟ ਫੰਡ (MPF) ਸਕੀਮ ਦੇ ਮੈਂਬਰਾਂ ਦੇ ਹਿੱਤਾਂ ਦੀ ਰੱਖਿਆ ਕਰਦੀ ਹੈ ਅਤੇ MPF ਸਿਸਟਮ ਦੀ ਜਾਣਕਾਰੀ ਵੱਖ ਵੱਖ ਨਸਲਾਂ ਸਮੇਤ ਜਨਤਾ ਦੇ ਸਾਰੇ ਮੈਂਬਰਾਂ ਨੂੰ ਪਹੁੰਚਾਉਂਦੀ ਹੈ।

MPFA ਦੁਆਰਾ ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਅਤੇ ਸਮਾਜ ਦੇ ਸਾਰੇ ਮੈਂਬਰਾਂ ਲਈ ਉਨ੍ਹਾਂ ਦੇ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਸੇਵਾਵਾਂ ਤੱਕ ਬਰਾਬਰ ਪਹੁੰਚ ਯਕੀਨੀ ਬਣਾਉਣ ਲਈ ਕੀਤੇ ਗਏ ਉਪਾਅ ਹੇਠਾਂ ਦੱਸੇ ਗਏ ਹਨ।-

### A. ਵਿਗਿਆਪਨ, ਜਨਤਕ ਸਿੱਖਿਆ ਅਤੇ ਹਿੱਸੇਦਾਰਾਂ ਦੀ ਸ਼ਮੂਲੀਅਤ

ਸਬੰਧਿਤ ਸੇਵਾਵਾਂ

- MPFA ਵੱਖ-ਵੱਖ ਪ੍ਰਚਾਰ, ਸਿੱਖਿਆ ਅਤੇ ਸ਼ਮੂਲੀਅਤ ਪ੍ਰੋਗਰਾਮਾਂ ਦੁਆਰਾ ਆਮ ਲੋਕਾਂ ਨੂੰ MPF ਸਿਸਟਮ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

ਮੌਜੂਦਾ ਉਪਾਅ

- MPFA ਅਤੇ MPF ਸਿਸਟਮ ਬਾਰੇ ਜਾਣਕਾਰੀ MPFA ਦੀ ਵੈਬਸਾਈਟ ਤੇ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਉਪਲਬਧ ਹੈ।
- ਵਿਦਿਅਕ ਅਤੇ ਵਿਗਿਆਪਨ ਪਰਚੇ/ਪੁਸਤਿਕਾਵਾਂ ਅਤੇ ਹੋਰ ਪ੍ਰਕਾਸ਼ਨ ਜਿਵੇਂ ਕਿ ਰਿਪੋਰਟਾਂ ਅਤੇ ਫਾਰਮ ਚੀਨੀ ਅਤੇ/ਜਾਂ ਅੰਗਰੇਜ਼ੀ ਵਿਚ ਪ੍ਰਕਾਸ਼ਤ ਕੀਤੇ ਜਾਂਦੇ ਹਨ।
- ਉਰਦੂ ਅਤੇ ਨੇਪਾਲੀ ਵਿੱਚ "ਕਰਮਚਾਰੀਆਂ ਨੂੰ MPF ਬਾਰੇ ਕੀ ਜਾਣਨਾ ਚਾਹੀਦਾ ਹੈ" ਅਤੇ "ਮੂਲ ਨਿਵੇਸ਼ ਰਣਨੀਤੀ (DIS)" ਨਾਮਕ ਦੋ ਪਰਚੇ ਤਿਆਰ ਕੀਤੇ ਗਏ ਹਨ ਅਤੇ ਤਕਰੀਬਨ 30 ਸਬੰਧਿਤ ਗੈਰ-ਸਰਕਾਰੀ ਸੰਗਠਨਾਂ (NGOs) ਨੂੰ ਵੱਖ-ਵੱਖ ਨਸਲਾਂ ਦੇ ਸਕੀਮ ਮੈਂਬਰਾਂ ਨਾਲ ਸਾਂਝਾ ਕਰਨ ਲਈ, ਜਿਨ੍ਹਾਂ ਨੂੰ ਉਹ ਸਮਾਜ ਭਲਾਈ ਸੇਵਾਵਾਂ ਪ੍ਰਦਾਨ ਕਰਦੇ ਹਨ, ਨੂੰ ਵੰਡੇ ਗਏ ਹਨ।
- MPFA ਦੇ ਨੁਮਾਇੰਦਿਆਂ ਦੁਆਰਾ ਉਹਨਾਂ ਦੇ ਵੱਖ ਵੱਖ ਨਸਲਾਂ ਦੇ ਮੈਂਬਰਾਂ ਲਈ MPF ਤੇ ਵਾਰਤਾਲਾਪ ਦਾ ਪ੍ਰਬੰਧ ਕਰਨ ਲਈ ਸਬੰਧਿਤ NGOs ਨੂੰ ਸੱਦਾ ਦਿੱਤਾ ਗਿਆ ਹੈ।

ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ

- MPFA:

- ਜਿੱਥੇ ਉਚਿਤ ਹੋਵੇ ਵਿਭਿੰਨ ਨਸਲਾਂ ਦੇ ਸਕੀਮ ਮੈਂਬਰਾਂ ਨੂੰ MPF ਅਧਿਕਾਰਾਂ ਅਤੇ ਖਾਤਾ ਪ੍ਰਬੰਧਨ 'ਤੇ ਨੋਟ ਕਰਨ ਲਈ ਮੁੱਖ ਨੁਕਤੇ ਪ੍ਰਦਾਨ ਕਰਨ ਲਈ ਵੱਖ-ਵੱਖ ਭਾਸ਼ਾਵਾਂ ਵਿੱਚ ਬਰੋਸ਼ਰ ਤਿਆਰ ਕਰੇਗਾ;

- ਢੁੱਕਵੀਂਆਂ ਗਤੀਵਿਧੀਆਂ ਰਾਹੀਂ ਵੱਖ ਵੱਖ ਨਸਲਾਂ ਦੇ MPF ਸਕੀਮ ਮੈਂਬਰਾਂ ਦੇ ਮਿਲਵਰਤਨ ਨੂੰ ਮਜ਼ਬੂਤ ਕਰਨ ਲਈ ਸਬੰਧਿਤ NGOs ਨਾਲ ਕੰਮ ਕਰਨਾ ਜਾਰੀ ਰੱਖੇਗਾ;

- ਵੱਖ ਵੱਖ ਨਸਲਾਂ ਦੇ ਸਕੀਮ ਮੈਂਬਰਾਂ ਤੱਕ MPF ਦੇ ਸੰਦੇਸ਼ਾਂ ਨੂੰ ਫੈਲਾਉਣ ਲਈ ਸਬੰਧਿਤ NGOs ਨਾਲ ਸਪਾਂਸਰਸ਼ਿਪ ਪ੍ਰੋਗਰਾਮਾਂ ਦੀ ਭਾਲ ਕਰੇਗਾ; ਅਤੇ

- ਆਪਣੇ ਨੈੱਟਵਰਕ ਰਾਹੀਂ ਆਪਣੇ ਭਾਈਚਾਰੇ ਦੇ ਮੈਂਬਰਾਂ ਨੂੰ MPF ਗਿਆਨ ਪ੍ਰਦਾਨ ਕਰਨ ਬਾਰੇ ਵੱਖ-ਵੱਖ ਹਿੱਸੇਦਾਰਾਂ ਨਾਲ ਸਹਿਯੋਗ ਦੀ ਪੜਚੋਲ ਕਰੇਗਾ।

## B. ਪੁੱਛ-ਗਿੱਛ ਅਤੇ ਸ਼ਿਕਾਇਤਾਂ ਦਾ ਪਰਬੰਧਨ

| | |
|---|---|
| ਸਬੰਧਿਤ ਸੇਵਾਵਾਂ | • MPFA ਆਮ ਜਨਤਾ ਤੋਂ MPF ਨਾਲ ਜੁੜੇ ਮਾਮਲਿਆਂ ਬਾਰੇ ਪੁੱਛ-ਗਿੱਛ ਅਤੇ ਸ਼ਿਕਾਇਤਾਂ ਪ੍ਰਾਪਤ ਕਰਦਾ ਹੈ ਅਤੇ ਪਰਬੰਧਨ ਕਰਦਾ ਹੈ। |
| ਮੌਜੂਦਾ ਉਪਾਅ | • ਜਨਤਾ ਦੇ ਮੈਂਬਰ ਚੀਨੀ ਜਾਂ ਅੰਗਰੇਜ਼ੀ ਵਿਚ MPFA ਤੋਂ ਪੁੱਛ-ਗਿੱਛ ਕਰ ਸਕਦੇ ਹਨ ਜਾਂ ਸ਼ਿਕਾਇਤਾਂ ਦਰਜ ਕਰ ਸਕਦੇ ਹਨ।<br>• ਜੇ ਭਾਸ਼ਾ ਰੁਕਾਵਟ ਕਾਰਨ ਸੰਚਾਰ ਦੀਆਂ ਸਮੱਸਿਆਵਾਂ ਹਨ, ਤਾਂ ਵਿਆਖਿਆ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਵੇਗਾ। |
| ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ | • ਸਟਾਫ ਲਈ ਨਸਲੀ ਬਰਾਬਰਤਾ ਦੇ ਮੁੱਦਿਆਂ ਪ੍ਰਤੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਲਈ ਸਿਖਲਾਈ ਦਾ ਪ੍ਰਬੰਧ ਕੀਤਾ ਜਾਵੇਗਾ। |

## ਭਵਿੱਖ ਦੇ ਕੰਮ ਦਾ ਮੁਲਾਂਕਣ

ਪਬਲਿਕ ਦੇ ਵਿਚਾਰਾਂ ਅਤੇ MPFA ਸਟਾਫ ਦੇ ਸੁਝਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ MPFA ਸਮੇਂ-ਸਮੇਂ ਤੇ ਸੁਧਾਰ ਲਈ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ।

## ਪੁੱਛ-ਗਿੱਛ

ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛ-ਗਿੱਛ ਲਈ, ਕਿਰਪਾ ਕਰਕੇ ਕਾਰਪੋਰੇਟ ਮਾਮਲਿਆਂ ਦੀ ਸੀਨੀਅਰ ਮੈਨੇਜਰ ਸ਼੍ਰੀਮਤੀ ਐਲੀਸ ਟੈਂਗ ਨਾਲ ਹੇਠਾਂ ਦਿੱਤੇ ਮਾਧਿਅਮਾਂ ਰਾਹੀਂ ਸੰਪਰਕ ਕਰੋ

- ਹੌਟਲਾਈਨ : 2918 0102
- ਫੈਕਸ: : 2259 8806
- ਈ -ਮੇਲ : mpfa@mpfa.org.hk

**ਲਾਜ਼ਮੀ ਪ੍ਰਾਵੀਡੈਂਟ ਫੰਡ ਸਕੀਮ ਅਥਾਰਟੀ**
**ਮਈ 2024**